# PRESS COVERAGE

# Kaav Milni Programme and Book Exhibition Organised

## 29.03.2022

ਅਜੀਤ
ਬੁੱਧਵਾਰ, 30 ਮਾਰਚ, 2022

# ਮੋਦੀ ਕਾਲਜ ਤੇ ਭਾਸ਼ਾ ਵਿਭਾਗ ਵਲੋਂ ਕਾਵਿ-ਮਿਲਣੀ ਤੇ ਪੁਸਤਕ ਪ੍ਰਦਰਸ਼ਨੀ ਲਗਾਈ

ਪਟਿਆਲਾ, 29 ਮਾਰਚ (ਗੁਰਵਿੰਦਰ ਸਿੰਘ ਔਲਖ)-ਮੁਲਤਾਨੀ ਮੱਲ ਮੋਦੀ ਕਾਲਜ ਦੇ ਪੋਸਟ-ਗੈਰਜੂਏਟ ਪੰਜਾਬੀ ਵਿਭਾਗ ਵਲੋਂ ਅੱਜ ਪੰਜਾਬੀ ਸਾਹਿਤ ਸਭਾ ਤੇ ਜ਼ਿਲ੍ਹਾ ਭਾਸ਼ਾ ਦਫ਼ਤਰ ਪਟਿਆਲਾ ਦੇ ਸਹਿਯੋਗ ਨਾਲ ਵਿਦਿਆਰਥੀਆਂ ਨੂੰ ਕਵਿਤਾ ਦੀਆਂ ਮੌਜੂਦਾ ਵੰਨਗੀਆਂ ਤੇ ਨਵੇਂ ਰੁਝਾਨਾਂ ਬਾਰੇ ਜਾਣੂ ਕਰਵਾਉਣ ਤੇ ਉਨ੍ਹਾਂ ਅੰਦਰਲੀ ਕਾਵਿ-ਪ੍ਰਤਿਭਾ ਨੂੰ ਨਿਖਾਰਨ ਦੇ ਉਦੇਸ਼ ਨਾਲ ਕਾਵਿ-ਮਿਲਣੀ ਦਾ ਕਰਵਾਇਆ ਗਿਆ। ਇਸ ਮੌਕੇ ਮਹਿਮਾਨ ਕਵੀ ਵਜੋਂ ਅਮਰਜੀਤ ਸਿੰਘ ਅਮਨੀਤ ਨੇ ਸ਼ਿਰਕਤ ਕੀਤੀ ਤੇ ਇਸ ਕਾਵਿ-ਮਿਲਣੀ ਦੀ ਪ੍ਰਧਾਨਗੀ ਚੰਦਨਦੀਪ ਕੌਰ, ਜ਼ਿਲ੍ਹਾ ਭਾਸ਼ਾ ਅਫਸਰ ਨੇ ਕੀਤੀ। ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਦੀ ਰਹਿਨੁਮਾਈ ਅਧੀਨ ਸਮਾਗਮ ਦਾ ਆਗਾਜ਼ ਕਰਦਿਆਂ ਕਾਲਜ ਦੇ ਵਾਈਸ-ਪ੍ਰਿੰਸੀਪਲ ਪ੍ਰੋ. ਸ਼ੈਲੇਂਦਰਾ ਸਿੱਧੂ ਨੇ ਮਹਿਮਾਨ ਕਵੀ ਦਾ ਸਵਾਗਤ ਕੀਤਾ। ਉਨ੍ਹਾਂ ਇਸ ਕਾਵਿ-ਮਿਲਣੀ ਦੇ ਕਰਨ 'ਤੇ ਪੰਜਾਬੀ ਵਿਭਾਗ ਨੂੰ ਵਧਾਈ ਦਿੰਦਿਆਂ ਕਿਹਾ ਕਿ ਕਲਾਵਾਂ 'ਚੋਂ ਕਵਿਤਾ ਨੂੰ ਸਭ ਤੋਂ ਉੱਚਤਮ ਕਲਾ ਮੰਨਿਆ ਗਿਆ ਹੈ ਕਿਉਂਕਿ ਇਹ ਨਾ ਸਿਰਫ਼ ਕਿਸੇ ਸਮਾਜ ਦੇ ਚਲੰਤ ਤੇ ਲੁਪਤ ਵਰਤਾਰਿਆਂ ਨੂੰ ਹੀ ਜ਼ੁਬਾਨ ਦਿੰਦੀ ਹੈ ਸਗੋਂ ਇਹ ਪਾਠਕਾਂ ਦੇ ਸੁਹਜ ਅਤੇ ਉਨ੍ਹਾਂ ਦੀ ਰੂਹ ਦੀ ਤ੍ਰਿਪਤੀ ਵੀ ਕਰਦੀ ਹੈ। ਇਸ ਮੌਕੇ ਪੰਜਾਬੀ ਵਿਭਾਗ ਦੇ ਮੁਖੀ ਡਾ. ਗੁਰਦੀਪ ਸਿੰਘ ਨੇ ਕਿਹਾ ਕਿ ਅਮਰਜੀਤ ਸਿੰਘ ਅਮਨੀਤ ਦੀ ਕਵਿਤਾ ਮੁੱਖ ਰੂਪ ਵਿਚ ਕੁਦਰਤ, ਮਾਨਵਤਾ ਤੇ ਸਮਾਜ ਦੇ ਅੰਤਰ-ਸਬੰਧਾਂ ਦੇ ਪ੍ਰਗਟਾਵੇ ਦੀ ਕਵਿਤਾ ਹੈ। ਇਸ ਮੌਕੇ ਆਪਣੀ ਕਵਿਤਾ ਦੀ ਸਿਰਜਣਾਤਮਕ ਪ੍ਰਕ੍ਰਿਆ ਬਾਰੇ ਬੋਲਦਿਆਂ ਅਮਰਜੀਤ ਸਿੰਘ ਅਮਨੀਤ ਨੇ ਕਿਹਾ ਕਿ ਮੇਰੀ ਕਵਿਤਾ ਮੁੱਖ ਰੂਪ ਵਿੱਚ ਮਨੁੱਖੀ ਜਜ਼ਬਾਤਾਂ ਤੇ ਉਨ੍ਹਾਂ ਦੇ ਪ੍ਰਗਟਾਵੇ ਦੀ ਕਵਿਤਾ ਹੈ। ਉਨ੍ਹਾਂ ਨੇ ਇਸ ਮੌਕੇ 'ਤੇ ਆਪਣੀਆਂ ਕੁਝ ਚੋਣਵੀਆਂ ਕਵਿਤਾਵਾਂ ਵੀ ਵਿਦਿਆਰਥੀਆਂ ਨਾਲ ਸਾਂਝੀਆਂ ਕੀਤੀਆ ਅਤੇ ਵਿਦਿਆਰਥੀਆਂ ਦੁਆਰਾ ਪੁੱਛੇ ਸਵਾਲਾਂ ਦੇ ਜਵਾਬ ਵੀ ਦਿੱਤੇ। ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਚੰਦਨਦੀਪ ਕੌਰ, ਭਾਸ਼ਾ ਵਿਭਾਗ ਅਫਸਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕੀਤੀ। ਇਸ ਮੌਕੇ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਵੱਲੋਂ ਪੁਸਤਕ ਪ੍ਰਦਰਸ਼ਨੀ ਲਗਾਈ ਗਈ। ਇਸ ਮੌਕੇ 'ਤੇ ਸਟੇਜ ਸਕੱਤਰ ਦੀ ਭੂਮਿਕਾ ਡਾ. ਦੀਪਕ ਧਲੇਵਾਂ ਨੇ ਨਿਭਾਈ ਅਤੇ ਧੰਨਵਾਦ ਦਾ ਮਤਾ ਡਾ. ਰੁਪਿੰਦਰ ਸਿੰਘ ਢਿੱਲੋਂ ਨੇ ਪੇਸ਼ ਕੀਤਾ। ਕਾਲਜ ਵੱਲੋਂ ਮਹਿਮਾਨ ਕਵੀ ਤੇ ਮੁੱਖ ਮਹਿਮਾਨ ਨੂੰ ਸਨਮਾਨ ਚਿੰਨ੍ਹ ਵੀ ਭੇਟ ਕੀਤਾ ਗਿਆ। ਇਸ ਮੌਕੇ ਸਮੂਹ ਪੰਜਾਬੀ ਵਿਭਾਗ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਆਪਕ, ਕਰਮਚਾਰੀ ਅਤੇ ਭਰਵੀਂ ਗਿਣਤੀ ਵਿਚ ਵਿਦਿਆਰਥੀ ਸ਼ਾਮਿਲ ਹੋਏ।



ਮੋਦੀ ਕਾਲਜ ਅਤੇ ਭਾਸ਼ਾ ਵਿਭਾਗ ਵਲੋਂ ਲਗਾਈ ਪੁਸਤਕ ਪ੍ਰਦਰਸ਼ਨੀ ਦਾ ਦ੍ਰਿਸ਼। ਅਜੀਤ ਤਸਵੀਰ

www.dainiksaveratimes.com
जालंधर, बुधवार, 30 मार्च 2022

# मोदी कालेज और भाषा विभाग ने काव्य मिलनी व पुस्तक प्रदर्शनी लगाई



काव्य मिलनी और पुस्तक प्रदर्शनी को निहारते सदस्य।

पटियाला, 29 मार्च (धीर) : मोदी कालेज पटियाला के पोस्ट-ग्रैजुएट पंजाबी विभाग की तरफ से आज पंजाबी साहित्य सभा और जिला भाषा दफ्तर पटियाला के सहयोग के साथ विद्यार्थियों को कविता की मौजूदा हालातों और नए रूझानों बारे अवगत करवाने और उन्होंने भीतरी काव्य - प्रीतिभा को निखारने के उद्देश्य के साथ काव्य-मिलनी का आयोजन करवाया गया। इस मौके पर मेहमान कवि के तौर पर अमरजीत सिंह अमनीत ने शिरकत की और इस काव्य-मिलनी की अध्यक्षता चन्दनदीप कौर जिला भाषा अफसर पटियाला ने की। कालेज प्रिंसिपल डा. खुशविन्दर कुमार की योग्य अगुवाई में आयोजित इस समागम का अगाज करते कालेज के वाइस-प्रिंसीपल प्रो. शैलेंदर सिद्धू ने मेहमान कवि का स्वागत किया। उन्होंने इस काव्य-मिलनी के आयोजन करने पर पंजाबी विभाग को बधाई देते कहा कि कलाओं में कविता को सब से उच्चतम कला माना गया है क्योंकि यह न सिर्फ किसी समाज के चलंत और लुप्त घटनाकर्मों को ही जुबान देती है बल्कि यह पाठकों के सुंदरता और उन की रूह की तृप्त भी करती है।

ਰੋਜ਼ਾਨਾ ਚੜ੍ਹਦੀਕਲਾ, ਪਟਿਆਲਾ (ਬੁੱਧਵਾਰ, 30 ਮਾਰਚ 2022)

# ਮੋਦੀ ਕਾਲਜ ਤੇ ਭਾਸ਼ਾ ਵਿਭਾਗ ਵੱਲੋਂ ਕਾਵਿ-ਮਿਲਣੀ ਤੇ ਪੁਸਤਕ ਪ੍ਰਦਰਸ਼ਨੀ

ਪਟਿਆਲਾ, 29 ਮਾਰਚ (ਰੁਪਾਣਾ) : ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ ਪਟਿਆਲਾ ਦੇ ਪੋਸਟ-ਗ੍ਰੈਜੂਏਟ ਪੰਜਾਬੀ ਵਿਭਾਗ ਵੱਲੋਂ ਅੱਜ ਪੰਜਾਬੀ ਸਾਹਿਤ ਸਭਾ ਅਤੇ ਜ਼ਿਲਾ ਭਾਸ਼ਾ ਦਫ਼ਤਰ ਪਟਿਆਲਾ ਦੇ ਸਹਿਯੋਗ ਨਾਲ ਵਿਦਿਆਰਥੀਆਂ ਨੂੰ ਕਵਿਤਾ ਦੀਆਂ ਮੌਜੂਦਾ ਵੰਨਗੀਆਂ ਤੇ ਨਵੇਂ ਰੁਝਾਨਾਂ ਬਾਰੇ ਜਾਣ ਕਰਵਾਉਣ ਤੇ ਉਹਨਾਂ ਅੰਦਰਲੀ ਕਾਵਿ-ਪ੍ਰਤਿਭਾ ਨੂੰ ਨਿਖਾਰਨ ਦੇ ਉਦੇਸ਼ ਨਾਲ ਕਾਵਿ-ਮਿਲਣੀ ਦਾ ਆਯੋਜਨ ਕਰਵਾਇਆ ਗਿਆ। ਇਸ ਮੌਕੇ 'ਤੇ ਮਹਿਮਾਨ ਕਵੀ ਵਜੋਂ ਸ੍ਰ. ਅਮਰਜੀਤ ਸਿੰਘ ਅਮਨੀਤ ਨੇ ਸ਼ਿਰਕਤ ਕੀਤੀ ਤੇ ਇਸ ਕਾਵਿ-ਮਿਲਣੀ ਦੀ ਪ੍ਰਧਾਨਗੀ ਸ੍ਰੀਮਤੀ ਚੰਦਨਦੀਪ ਕੌਰ, ਜ਼ਿਲਾ ਭਾਸ਼ਾ ਅਫਸਰ, ਪਟਿਆਲਾ ਨੇ ਕੀਤੀ। ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਦੀ ਯੋਗ ਰਹਿਨੁਮਾਈ ਅਧੀਨ ਆਯੋਜਿਤ ਇਸ ਸਮਾਗਮ ਦਾ ਆਗਾਜ਼ ਕਰਦਿਆਂ ਕਾਲਜ ਦੇ ਵਾਈਸ-ਪ੍ਰਿੰਸੀਪਲ ਪ੍ਰੋ. ਸ਼ੈਲੇਂਦਰਾ ਸਿੱਧੂ ਨੇ ਮਹਿਮਾਨ ਕਵੀ



ਦਾ ਸਵਾਗਤ ਕੀਤਾ। ਉਨ੍ਹਾਂ ਨੇ ਇਸ ਕਾਵਿ-ਮਿਲਣੀ ਦੇ ਆਯੋਜਨ ਕਰਨ 'ਤੇ ਪੰਜਾਬੀ ਵਿਭਾਗ ਨੂੰ ਵਧਾਈ ਦਿੰਦਿਆਂ ਕਿਹਾ ਕਿ ਕਲਾਵਾਂ ਵਿੱਚੋਂ ਕਵਿਤਾ ਨੂੰ ਸਭ ਤੋਂ ਉੱਚਤਮ ਕਲਾ ਮੰਨਿਆ ਗਿਆ ਹੈ ਕਿਉਂਕਿ ਇਹ ਨਾ ਸਿਰਫ ਕਿਸੇ ਸਮਾਜ ਦੇ ਚਲੰਤ ਤੇ ਲੁਪਤ ਵਰਤਾਰਿਆਂ ਨੂੰ ਹੀ ਜ਼ੁਬਾਨ ਦਿੰਦੀ ਹੈ ਸਗੋਂ ਇਹ. ਪਾਠਕਾਂ ਦੇ ਸੁਹਜ ਅਤੇ ਉਹਨਾਂ ਦੀ ਰੂਹ ਦੀ ਤ੍ਰਿਪਤੀ ਵੀ ਕਰਦੀ ਹੈ। ਇਸ ਮੌਕੇ 'ਤੇ ਪੰਜਾਬੀ ਵਿਭਾਗ ਦੇ ਮੁਖੀ ਡਾ. ਗੁਰਦੀਪ ਸਿੰਘ ਨੇ ਮਹਿਮਾਨ ਕਵੀ ਨਾਲ ਜਾਣ-ਪਛਾਣ ਕਰਵਾਉਂਦਿਆਂ ਕਿਹਾ ਕਿ ਸ੍ਰ. ਅਮਰਜੀਤ ਸਿੰਘ ਅਮਨੀਤ ਦੀ ਕਵਿਤਾ ਮੁੱਖ ਰੂਪ ਵਿੱਚ ਕੁਦਰਤ, ਮਾਨਵਤਾ ਤੇ ਸਮਾਜ ਦੇ ਅੰਤਰ-ਸਬੰਧਾਂ ਦੇ ਪ੍ਰਗਟਾਵੇ ਦੀ ਕਵਿਤਾ ਹੈ। ਉਹਨਾਂ ਨੇ ਦੱਸਿਆ ਕਿ ਉਹਨਾਂ ਦੀ ਕਵਿਤਾ ਚੇਤਨਾ ਦਾ ਘੇਰਾ ਵਸੀਹ ਕਰਨ ਦੇ ਨਾਲ-ਨਾਲ ਭਾਸ਼ਾ ਤੇ ਸਮਾਜਿਕ ਵਿਆਕਰਨ ਦੀਆਂ ਗੁੰਝਲਾਂ ਨੂੰ ਖੋਲ੍ਹਣ ਦਾ ਕੰਮ ਕਰਦੀ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬੀ ਵਿਭਾਗ ਵਿਦਿਆਰਥੀਆਂ ਵਿੱਚ ਸਾਹਿਤ ਅਤੇ ਕਲਾਵਾਂ ਨਾਲ ਸਬੰਧਤ ਹੁਨਰ ਤੇ ਨਿਪੁੰਨਤਾ ਪ੍ਰਫੁਲਿਤ ਕਰਨ ਲਈ ਲਗਾਤਾਰ ਯਤਨਸ਼ੀਲ ਹੈ। ਇਸ ਮੌਕੇ 'ਤੇ ਆਪਣੀ ਕਵਿਤਾ ਦੀ ਸਿਰਜਣਾਤਮਿਕ ਪ੍ਰਕਿਰਿਆ ਬਾਰੇ ਬੋਲਦਿਆਂ ਸ੍ਰ. ਅਮਰਜੀਤ ਸਿੰਘ ਅਮਨੀਤ ਨੇ ਕਿਹਾ ਕਿ ਮੇਰੀ ਕਵਿਤਾ ਮੁੱਖ ਰੂਪ ਵਿੱਚ ਮਨੁੱਖੀ ਜਜ਼ਬਾਤਾਂ ਤੇ ਉਹਨਾਂ ਦੇ ਪ੍ਰਗਟਾਵੇ ਦੀ ਕਵਿਤਾ ਹੈ। ਉਹਨਾਂ ਨੇ ਦੱਸਿਆ ਕਿ ਕਿਸੇ ਵੀ ਖਿੱਤੇ ਦਾ ਸਾਹਿਤ ਅਤ ਕਲਾਵਾਂ ਮੁੱਖ ਰੂਪ ਵਿੱਚ ਮਨੁੱਖੀ ਤਾਸ਼ਦੀਆਂ ਤੇ ਆਪਸੀ ਦਵੰਦਾਂ/ਟਕਰਾਉ ਨ ਜ਼ੁਬਾਨ ਦੇਣ ਦਾ ਮਾਧਿਅਮ ਹੁੰਦੇ ਹਨ। ਉਹਨਾਂ ਨੇ ਵਿਦਿਆਰਥੀਆਂ ਨੂੰ ਆਪਣੇ ਆਸ-ਪਾਸ ਵਾਪਰ ਰਹੇ ਵਰਤਾਰਿਆਂ ਤੇ ਮੁਸ਼ਕਿਲਾਂ ਨੂੰ ਨੀਝ ਨਾਲ ਸਮਝਣ ਅਤੇ ਆਪਣੇ ਅਨੁਭਵ ਨੂੰ ਕਲਾਤਮਿਕ ਪ੍ਰਗਵਾਟਿਆਂ ਵਿੱਚ ਸ਼ਾਮਲ ਕਰਨ ਲਈ ਕਿਹਾ। ਉਹਨਾਂ ਨੇ ਇਸ ਮੌਕੇ 'ਤੇ ਆਪਣੀਆਂ ਕੁੱਝ ਚੋਣਵੀਆਂ ਕਵਿਤਾਵਾਂ ਵੀ ਵਿਦਿਆਰਥੀਆਂ ਨਾਲ ਸਾਂਝੀਆਂ ਕੀਤੀਆਂ ਅਤੇ ਵਿਦਿਆਰਥੀਆਂ ਦੁਆਰਾ ਪੁੱਛੇ ਸਵਾਲਾਂ ਦੇ ਜਵਾਬ ਵੀ ਦਿੱਤੇ। ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਸ੍ਰੀਮਤੀ ਚੰਦਨਦੀਪ ਕੌਰ, ਭਾਸ਼ਾ ਵਿਭਾਗ ਅਫਸਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਸ਼ਾ ਵਿਭਾਗ, ਪਟਿਆਲਾ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਵਿਕਾਸ ਲਈ ਹਰ ਸੰਭਵ ਯਤਨ ਕਰ ਰਿਹਾ ਹੈ। ਉਹਨਾਂ ਨੇ ਵਿਦਿਆਰਥੀਆਂ ਨੂੰ ਸਾਹਿਤ ਦੀਆਂ ਵੱਖ-ਵੱਖ ਵੰਨਗੀਆਂ ਨਾਲ ਜੁੜਨ ਦਾ ਸੱਦਾ ਦਿੱਤਾ। ਇਸ ਮੌਕੇ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਵੱਲੋਂ ਪੁਸਤਕ ਪ੍ਰਦਰਸ਼ਨੀ ਲਗਾਈ ਗਈ। ਇਸ ਮੌਕੇ 'ਤੇ ਸਟੇਜ ਸਕੱਤਰ ਦੀ ਭੂਮਿਕਾ ਡਾ. ਦੀਪਕ ਧਲੇਵਾਂ ਨੇ ਨਿਭਾਈ ਅਤੇ ਧੰਨਵਾਦ ਦਾ ਮਤਾ ਡਾ. ਰੁਪਿੰਦਰ ਸਿੰਘ ਢਿੱਲੋਂ ਨੇ ਪੇਸ਼ ਕੀਤਾ। ਕਾਲਜ ਵੱਲੋਂ ਮਹਿਮਾਨ ਕਵੀ ਤੇ ਮੁੱਖ ਮਹਿਮਾਨ ਨੂੰ ਸਨਮਾਨ ਚਿੰਨ੍ਹ ਵੀ ਭੇਟ ਕੀਤਾ ਗਿਆ।